भारतीय गैर न्यायिक

भारत

पचास रुपये

FIFTY RUPEES

रु.50

Rs.50

सत्यमेव जयते

INDIA

INDIA NON JUDICIAL

ਪੰਜਾਬ PUNJAB

AS 097493

# ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ

## ਇਕਰਾਰ ਨਾਮਾ ਬਾਬਤ ਠੇਕਾ ਹੋਸਟਲ ਮੈਸ (01.06.2023 ਤੋਂ 31.03.2024)

ਮੈਂ, ਪੱਪੂ ਕੁਮਾਰ ਪੁੱਤਰ ਸ਼੍ਰੀ ਫੁਲਤਲ ਭਗਤ, ਗਲੀ ਨੰ: 1, ਬਾਜੀਗਰ ਵਸਤੀ, ਫਰੀਦਕੋਟ ਤਹਿਸੀਲ ਅਤੇ ਜਿਲ੍ਹਾ ਫਰੀਦਕੋਟ ਆਪਣੇ ਪੂਰੇ ਹੋਸ਼ਹਵਾਸ ਨਾਲ ਇਸ ਇਕਰਾਰਨਾਮੇ ਦੀ ਲਿਖਤ, ਪ੍ਰਿੰਸੀਪਲ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ ਦੇ ਪੱਖ ਵਿੱਚ, ਇਸ੍ਰੇ ਸੰਸਥਾ ਦੇ ਅਹਾਤੇ ਵਿੱਚ ਮਾਤਾ ਸੀਤਾ ਜੀ ਹੋਸਟਲ, ਬੀਬੀ ਨਾਨਕੀ ਹੋਸਟਲ, ਮਾਤਾ ਗੂਜਰੀ ਹੋਸਟਲ, ਭਾਈ ਫੇਰੂ ਬੋਇਜ਼ ਹੋਸਟਲ, ਗਰਲਜ਼ ਹੋਸਟਲ ਨੰ: 1 ਅਤੇ ਨਰਸਿੰਗ ਹੋਸਟਲ ਦੀ ਮੈਸ ਚਲਾਉਣ ਲਈ ਪਟੇ ਦੇ ਤੌਰ ਤੇ ਨਿਮਨ ਲਿਖਤ ਸ਼ਰਤਾਂ ਅਤੇ ਬਿਆਨ ਕਰਦਾ ਹਾਂ, ਜੋ ਮੇਰੇ ਉੱਪਰ ਪੂਰੀ ਤਰਾਂ ਲਾਗੂ ਹੋਵੇਗੀ ਅਤੇ ਮੈਂ ਇਸ ਲਿਖਤ ਦਾ ਪਾਬੰਦ ਰਹਾਂਗਾ:

1. ਮਾਤਾ ਸੀਤਾ ਜੀ ਹੋਸਟਲ, ਬੀਬੀ ਨਾਨਕੀ ਹੋਸਟਲ, ਮਾਤਾ ਗੂਜਰੀ ਹੋਸਟਲ, ਭਾਈ ਫੇਰੂ ਬੋਇਜ਼ ਹੋਸਟਲ, ਗਰਲਜ਼ ਹੋਸਟਲ ਨੰ: 1 ਅਤੇ ਨਰਸਿੰਗ ਹੋਸਟਲ ਦੀ ਮੈਸ ਚਲਾਉਣ ਲਈ ਲਾਇਸੰਸਦਾਤਾ, ਲਾਇਸੰਸੀ ਨੂੰ ਕਮਰਾ, ਲੋੜੀਂਦਾ ਫਰਨੀਚਰ, ਬਰਤਨ ਅਤੇ ਬਿਜਲੀ, ਪਾਣੀ ਜੋ ਪਹਿਲਾਂ ਹੀ ਮੈਸ ਵਿੱਚ ਉਪਲਬਧ ਹਨ ਪ੍ਰਦਾਨ ਕਰੇਗਾ । ਮੈਸ ਦੀ ਇਮਾਰਤ ਦੇ ਬਿਜਲੀ ਮਦਾ ਖਰਚਾ ਲਾਇਸੰਸੀ ਖਿਜਲੀ ਦੀ ਖਪਤ ਅਨੁਸਾਰ ਅਦਾ ਕਰੇਗਾ । ਸਮਾਨ ਗੁੰਮ ਹੋਣ ਜਾਂ ਟੁੱਟ.ਭੱਜ ਹੋਣ ਤੇ ਪੂਰਤੀ ਕਰਨ ਅਤੇ ਮੁਰੰਮਤ ਕਰਵਾਉਣਾ, ਲਾਇਸੰਸੀ ਦੀ ਜਿੰਮੇਵਾਰੀ ਹੋਵੇਗੀ । ਜੇਕਰ ਵਾਧੂ ਬਰਤਨ ਆਦਿ ਦੀ ਲੋੜ ਪੈਂਦੀ ਹੈ ਤਾਂ ਉਹਨਾਂ ਦਾ ਪ੍ਰਬੰਧ ਲਾਇਸੰਸੀ ਖੁਦ ਕਰੇਗਾ ।

2. ਲਾਇਸੰਸੀ ਖਾਣਾ, ਚਾਹ, ਦੁੱਧ ਆਦਿ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਨਿਰਧਾਰਤ ਦਰ੍ਹਾਂ ਤੇ ਵਿਆਦਰਥੀਆਂ ਨੂੰ ਸਮੇਂ ਸਮੇਂ ਦੋਰਾਨ ਪ੍ਰਦਾਨ ਕਰੇਗਾ ।

3. ਲਾਇਸੰਸੀਦਾਤਾ Rs. 2208/- + ਜੀ.ਐਸ.ਟੀ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ (Rs.300/-ਪ੍ਰਤੀ ਮਹੀਨਾਂ, ਪ੍ਰਤੀ ਵਿਦਿਆਰਥੀ ਕੱਟਣ ਤੋਂ ਬਾਅਦ) ਆਪ ਜੀ ਨੂੰ ਦਿੱਤੇ ਜਾਣਗੇ । ਲਾਇਸੰਸੀ 500/- ਰੁਪਏ ਪ੍ਰਤੀ ਮਹੀਨਾਂ ਪ੍ਰਤੀ ਹੋਸਟਲ ਕੂੜਾ ਕਰਕਟ ਉਠਾਣ ਦਾ ਖਰਚਾ ਅਤੇ 500/- ਪ੍ਰਤੀ ਮਹੀਨਾਂ ਪਾਣੀ ਦਾ ਖਰਚਾ ਅਦਾ [illegible]

Principal

Scanned with OKEN Scanner

ਗੀ । ਸਮੇਂ ਸਿਰ ਰਕਮ ਦੀ ਕਟੌਤੀ ਨਾ ਕਰਵਾਏ ਜਾਣ ਤੇ ਲਾਇਸੰਸਦਾਤਾ ਨੂੰ ਲਇਸੰਸੀ ਤੋ ਮੈਸ ਖਾਲੀ ਵਾਉਣ ਦਾ ਅਤੇ ਹੋਰ ਵਿਅਕਤੀ ਨੂੰ ਮੈਸ ਦੇਣ ਦਾ ਅਧਿਕਾਰ ਹੋਵੇਗਾ ।

4. ਸਾਰੇ ਹੋਸਟਲਾਂ ਦੇ ਖਾਣ ਦੇ ਰੇਟ ਇਕੋ ਹੀ ਹੋਣਗੇ ।

5. ਲਾਇਸੰਸੀ 25000/- ਰੁਪਏ ਸਕਿਉਰਟੀ ਵਜੋਂ ਜਮਾਂ ਕਰਵਾਏਗਾ ਅਤੇ ਇਹ ਰਕਮ ਉਸ ਨੂੰ ਸਾਲ ਦੇ ਅੰਤ ਤੇ ਬਿਨਾਂ ਵਿਆਜ ਅਦਾਇਗੀ ਯੋਗ ਹੋਵੇਗੀ ।

6. ਸਾਰੇ ਟੈਕਸ, ਵੈਟ, ਸਰਵਿਸ ਟੈਕਸ ਆਦਿ ਅਤੇ ਫੀਸਾਂ, ਨਿਰਧਾਰਤ ਦਰਾਂ ਤੇ ਜੋ ਸਰਕਾਰ ਜਾਂ ਕਿਸੇ ਹੋਰ ਅਧਿਕਾਰੀ ਦੇ ਹੁਕਮਾਂ ਅਨੁਸਾਰ ਸਮੇਂ ਸਮੇਂ ਅਦਾਇਗੀ ਯੋਗ ਹੋਣਗੀਆਂ ਦੀ ਅਦਾਇਗੀ ਲਾਇਸੰਸੀ ਦੀ ਜਿੰਮੇਵਾਰੀ ਹੋਵੇਗੀ ।

7. ਮੈਸ ਵਿੱਚ ਅੱਗ ਲੱਗਣ ਲਈ ਸਾਰੇ ਲੋੜੀਂਦੇ ਪ੍ਰਬੰਧ ਲਾਇਸੰਸੀ ਵੱਲੋਂ ਕੀਤੇ ਜਾਣਗੇ ।

8. ਮੈਸ ਦਾ ਸਾਰਾ ਸਟਾਫ ਲਾਇਸੰਸੀ ਦਾ ਹੋਵੇਗਾ । ਲਾਇਸੰਸਦਾਰ ਨਾਲ ਕਿਸੇ ਵੀ ਸਟਾਫ ਮੈਂਬਰ ਦਾ ਮਾਲਕ ਨੌਕਰ ਦਾ ਸਬੰਧ ਨਹੀ ਹੋਵੇਗਾ ।

9. ਸਾਰੀਆਂ ਵਸਤੂਆਂ ਮੈਸ ਵਿੱਚ ਹੀ ਤਿਆਰ ਕੀਤੀਆਂ ਜਾਣਗੀਆਂ । ਕੋਈ ਵੀ ਵਸਤੂ ਬਾਹਰੋਂ ਜਾਂ ਬਜ਼ਾਰ ਵਿਚੋਂ ਲਿਆਂਦੀ ਜਾਂ ਬਾਸੀ ਵਸਤੂ ਗਰਮ ਕਰਕੇ ਨਹੀ ਵਰਤਾਈ ਜਾਵੇਗੀ । ਵੇਰਕਾ ਜਾਂ ਅਮੂਲ ਦਾ ਦੁੱਧ ਅਤੇ ਮੱਖਣ ਹੀ ਵਰਤੇਗਾ । ਰਿਫਾਂਇਡ ਹੋਮ ਕੁਕ, ਪਨੀਰ ਤੇ ਦਹੀ ਚੰਗੀ ਕੁਆਲਟੀ ਦੇ, ਆਟਾ ਜੀ. ਐਸ ਫੂਡਸ ਅਤੇ ਚਾਵਲ ਬਾਸਮਤੀ ਦੇ ਵਰਤੇ ਜਾਣਗੇ। ਖਾਣ ਪੀਣ ਦਾ ਸਮਾਨ ਵਰਤੇ ਜਾਣ ਤੋਂ ਪਹਿਲਾਂ, ਉਸ ਦੀ ਕੁਆਲਟੀ ਦੀ ਜਾਂਚ ਹੋਸਟਲ ਵਾਰਡਨ ਵੱਲੋਂ ਕੀਤੀ ਜਾਵੇਗੀ। ਜੇ ਕੋਈ ਸਮਾਨ ਨੂੰ ਰਿਜੈਕਟ ਕੀਤਾ ਜਾਂਦਾ ਹੈ ਤਾਂ ਉਹ ਸਮਾਨ ਵਰਤਿਆ ਨਹੀ ਜਾਵੇਗਾ।

10. ਇਕ ਮੈਸ ਦਾ ਕਰਮਚਾਰੀ, ਦੂਜੀ ਮੈਸ ਵਿੱਚ ਲਿਜਾਣ ਲਈ ਲਾਇਸੰਸੀ ਦੀ ਸਹਿਮਤੀ ਜਰੂਰੀ ਹੋਵੇਗੀ ।

11. ਇਹਨਾਂ ਹੋਸਟਲਾਂ ਦੇ ਵਾਰਡਨਾਂ ਨੂੰ ਲਾਇਸੰਸੀ ਵਲੋਂ ਮੁਫਤ ਖਾਣਾ ਦਿੱਤਾ ਜਾਵੇਗਾ । ਹੋਸਟਲਾਂ ਦੀਆਂ ਬੀਬੀਆਂ ਨੂੰ ਵੀ ਖਾਣਾ ਲਾਇਸੰਸੀ ਦੇਵੇਗਾ ਜਿਸਦੇ ਲਾਇਸੰਸੀਦਾਤਾ ਵੱਲੋਂ 400 ਰੁਪਏ ਪ੍ਰਤੀ ਮਹੀਨਾਂ ਪ੍ਰਤੀ ਬੀਬੀ ਅਦਾ ਕੀਤੇ ਜਾਣਗੇ ।

12. ਜੇਕਰ ਕੋਈ ਬੱਚਾ ਲਗਾਤਾਰ 7 ਦਿਨ ਜਾਂ ਇਸ ਤੋਂ ਵੱਧ ਦਿਨਾਂ ਲਈ ਹੋਸਟਲ ਵਿੱਚੋਂ ਖਾਣਾ ਨਹੀ ਖਾਵੇਗਾ ਤਾਂ ਬੱਚੇ ਵੱਲੋਂ ਖਾਣਾ ਨਾ ਖਾਣ ਵਾਲੇ ਦਿਨਾਂ ਦੇ ਪੈਸੇ ਲਾਇਸੰਸੀ ਨੂੰ ਨਹੀ ਮਿਲਣਗੇ ।

13. ਜੇਕਰ ਗੈਸ ਏਜੰਸੀ ਘਰੇਲੂ ਸਲੰਡਰ ਦੇਣ ਤੋਂ ਇੰਨਕਾਰ ਕਰਦੀ ਹੈ ਅਤੇ ਕਮਰਸ਼ੀਅਲ ਗੈਸ ਸਲੰਡਰ ਲੈਣ ਦੀ ਲੋੜ ਪੈਂਦੀ ਹੈ ਤਾਂ ਇਸ ਸੰਬਧੀ ਲਾਇਸੰਸੀਦਾਤਾ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ ਅਤੇ ਲਾਇਸੰਸੀਦਾਰ ਹੀ ਜਿੰਮੇਵਾਰ ਹੋਵੇਗਾ ।

14. ਲਾਇਸੰਸੀਦਾਤਾ ਵੱਲੋਂ ਖਰੀਦਣ ਲਈ ਗੈਸ ਏਜੰਸੀ ਨੂੰ ਅਦਾ ਕੀਤੀ ਗਈ ਰਕਮ ਦੀ ਵਸੂਲੀ ਲਾਇਸੰਸਦਾਰ ਦੇ ਬਿੱਲ ਵਿੱਚੋ. ਕੀਤੀ ਜਾਵੇਗੀ ।

15. ਅਧਿਕਾਰੀਆਂ, ਹੋਸਟਲਰਾਂ, ਕਰਮਚਾਰੀਆਂ ਵੱਲੋਂ ਮੰਗੀ ਗਈ ਵਸਤੂ ਸਪਲਾਈ ਕਰਨੀ ਲਾਇਸੰਸੀ ਦੀ ਜਿੰਮੇਵਾਰੀ ਹੋਵੇਗੀ ।

16. ਲਾਇਸੰਸੀ ਮੈਸ, ਬਰਤਨ, ਵਸਤੂ ਅਤੇ ਆਪਣੇ ਕਰਮਚਾਰੀਆਂ ਦੀ ਸਫਾਈ ਦਾ ਖਾਸ ਖਿਆਲ ਰੱਖੇਗਾ । ਉਸਦੇ ਅਤੇ ਉਸਦੇ ਕਰਮਚਾਰੀਆਂ ਦੇ ਪਹਿਨੇ ਵਸਤਰ ਸਵੱਛ ਅਤੇ ਉਜਵਲ ਹੋਣਗੇ।

Pal Pukram Bhagat

Scanned with OKEN Scanner

17. ਕਾਲਜ ਵਿੱਚ ਹੋਣ ਵਾਲੇ ਖਾਸ ਸਮਾਗਮਾਂ ਲਈ ਖਾਣਪੀਣ ਆਦਿ ਦਾ ਸਾਰਾ ਪ੍ਰਬੰਧ ਕਾਲਜ ਅਧਿਕਾਰੀਆਂ ਦੀ ਇੱਛਾ ਅਨੁਸਾਰ ਲਾਇਸੰਸੀ ਨੇ ਕਰਨਾ ਹੋਵੇਗਾ । ਇੰਨਾ ਤੇ ਹੋਣ ਵਾਲਾ ਖਰਚਾ ਵਾਜਬ ਦਰਾਂ ਤੇ ਲਾਇਸੰਸੀ ਨੂੰ ਲਾਇਸੰਸਦਾਤਾ ਅਦਾ ਕਰੇਗਾ ।

18. ਕਾਲਜ ਵੱਲੋਂ ਅਦਾ ਕੀਤੇ ਜਾਣ ਵਾਲੇ ਖਰਚੇ ਦੀ ਵਸਤੂ ਸਮਰੱਥ ਅਧਿਕਾਰੀ ਦੀ ਚਿੱਟ ਤੇ ਹੀ ਲਾਇਸੰਸੀ ਪ੍ਰਦਾਨ ਕਰੇਗਾ, ਬਿਨਾਂ ਸਮਰੱਥ ਅਧਿਕਾਰੀ ਦੀ ਚਿੱਟ ਤੋਂ ਪ੍ਰਦਾਨ ਕੀਤੀ ਗਈ ਵਸਤੂ ਦੀ ਕੀਮਤ ਕਾਲਜ ਵਲੋਂ ਅਦਾ ਨਹੀ ਕੀਤੀ ਜਾਵੇਗੀ ।

19. ਲਾਇਸੰਸੀ ਦੀ ਮਿਆਦ ਪੂਰੀ ਹੋਣ ਤੇ ਲਾਇਸੰਸੀ, ਲਾਇਸੰਸੀਦਾਤਾ ਦੀ ਥਾਂ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਉਸਨੂੰ ਬੇਦਖਲ ਕਰਨ ਲਈ ਕਿਸੇ ਹੋਰ ਨੋਟਿਸ ਦੇਣ ਦੀ ਲੋੜ ਨਹੀ ਹੋਵੇਗੀ ।

20. ਠੇਕੇ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਵੀ, ਜੇਕਰ ਠੇਕੇਦਾਰ ਉਕੱਤ ਸ਼ਰਤਾਂ ਵਿੱਚੋਂ ਕਿਸੇ ਇੱਕ ਦੀ ਉਲੰਘਣਾ ਕਰੇਗਾ ਜਾਂ ਉਸਦੇ ਖਿਲਾਫ ਕੋਈ ਸ਼ਿਕਾਇਤ ਆਵੇਗੀ ਤਾਂ ਉਸ ਤੋਂ ਕਿਸੇ ਵੀ ਸਮੇਂ ਮੈਸ ਖਾਲੀ ਕਰਵਾਈ ਜਾ ਸਕਦੀ ਹੈ ਅਤੇ ਠੇਕਾ ਮਨਸੂਖ ਕੀਤਾ ਜਾ ਸਕਦਾ ਹੈ ਅਤੇ ਸਕਿਉਰਟੀ ਦੀ ਰਕਮ ਜਬਤ ਕਰ ਲਈਂ ਜਾਵੇਗੀ ।

ਗਵਾਹ

SARBJit Kaur

ਗਵਾਹ

Poonam

ਪ੍ਰਿੰਸੀਪਲ

Principal
Dasmesh Institute of Research
& Dental Sciences, FARIDKOT.

ਪੱਪੂ ਕੁਮਾਰ ਭਗਤ
ਪੁਤੱਰ ਸ਼੍ਰੀ ਫੁਲਤਲ ਭਗਤ, ਫਰੀਦਕੋਟ
Pappu Kumar Bhagat

Recd Photocopy

Pappu Kr Bhagat

Scanned with OKEN Scanner